CARERS FEDERATION LIMITED

ਕੇਅਰਰਸ ਫੇਡਰੇਸ਼ਨ

ICAS

ਇੰਡੀਪੇਨਡੈਂਟ ਕੰਮਪਲੇਂਟਸ ਐਡਵੋਕੇਸੀ ਸਰਵਿਸ

(ਸ਼ਕਾਇਤ ਕਰਨ ਲਈ ਨਿਰਪੱਖ ਐਡਵੋਕੇਸੀ/ਵਕਾਲਤ ਸਰਵਿਸ)

# ਪੇਸ਼ੇਂਟ ਐਡਵਾਈਸ ਐਂਡ ਲੀਯੇਜਨ ਸਰਵਿਸ ਬਾਰੇ ਦੱਸਣ ਲਈ ਪਰਚਾ

## ਪਾਲਸ (ਪੇਸ਼ੇਂਟ ਐਡਵਾਈਸ ਐਂਡ ਲੀਯੇਜਨ ਸਰਵਿਸ) ਅਸਲ ਵਿੱਚ ਕੀ ਹੈ?

ਪਾਲਸ ਇੱਕ ਸਰਵਿਸ ਹੈ ਜੋਕਿ ਐਨ ਐਚ ਐਸ ਵਲੋਂ ਮਰੀਜ਼ਾਂ ਲਈ ਸਥਾਪਿਤ ਕੀਤੀ ਗਈ ਹੈ ਤਾਂਕਿ ਉਹ ਆਪਣੀਆਂ ਲੋਕਲ ਹੈਲਥ ਸਰਵਿਸਾਂ ਨੂੰ ਆਪਣੀ ਆਵਾਜ਼ ਦੱਸ ਸਕਣ।

## ਤੁਸੀਂ ਪਾਲਸ ਨਾਲ ਸੰਪਰਕ ਕਰ ਸਕਦੇ ਜੇਤੁਸੀਂ ਹੇਠਾਂ ਲਿੱਖੀਆਂ ਗੱਲਾਂ ਚਾਹੁੰਦੇ ਹੋ:

- ਲੋਕਲ ਹੈਲਥ ਸਰਵਿਸਾਂ ਬਾਰੇ ਜਾਣਕਾਰੀ ਅਤੇ ਸਲਾਹ ਮਸ਼ਵਰਾ
- ਲੋਕਲ ਹੈਲਥ ਸਰਵਿਸ ਬਾਰੇ ਕੋਈ ਮਸਲਾ ਜਾਂ ਸਵਾਲ ਪੁੱਛਣਾ ਚਾਹੁੰਦੇ ਹੋ
- ਐਨ ਐਚ ਐਸ ਤੋਂ ਇਲਾਵਾ ਹੋਰ ਢੁੱਕਦੀਆਂ ਸੰਸਥਾਵਾਂ (ICAS ਸਮੇਤ) ਬਾਰੇ ਜਾਣਕਾਰੀ

## ਪਾਲਸ ਕੀ ਕਰਦੀ ਹੈ?

- ਮਰੀਜ਼ਾਂ ਦੇ ਮਸਲੇ ਅਤੇ ਫ਼ਿਕਰ/ਸਵਾਲ ਇੱਕਦਮ ਅਤੇ ਉਸੇ ਥਾਂ ਤੇ ਨਿਪਟਾਉਣ ਵਿੱਚ ਮਦਦ
- ਮਰੀਜ਼ਾਂ ਨੂੰ ਆਪ ਬੋਲਣ ਵਿੱਚ ਉਨ੍ਹਾਂ ਦੀ ਮਦਦ
- ਮਰੀਜ਼ਾਂ ਨੂੰ ਆਪਣੀਆਂ ਹੈਲਥ ਸਰਵਿਸਾਂ ਪਾਸੋਂ ਵਧੀਆ ਸਰਵਿਸ ਲੈਣ ਵਿੱਚ ਮਦਦ ਲਈ ਜਾਣਕਾਰੀ ਪ੍ਰਦਾਨ ਕਰਨੀ
- ਮਰੀਜ਼ਾਂ ਵਲੋਂ ਮਿਲੀ ਹੋਈ ਜਾਣਕਾਰੀ ਨੂੰ ਸੀਨੀਅਰ ਮੈਨੇਜਰਾਂ ਤੱਕ ਪਹੁੰਚਾਉਣਾ ਜਿਸ ਨਾਲ ਸ਼ਾਇਦ ਹੈਲਥ ਸਰਵਿਸਾਂ ਵਧੀਆ ਬਣਾਉਣ ਵਿੱਚ ਮਦਦ ਮਿਲੇ

## ਪਾਲਸ ਅਤੇ ਇੰਡੀਪੇਨਡੈਂਟ ਕੰਮਪਲੈਂਟ ਐਡਵੋਕੇਸੀ ਸਰਵਿਸ (ICAS) ਵਿੱਚ ਕੀ ਫ਼ਰਕ ਹੈ

### ਪਾਲਸ PALS

ਪਾਲਸ ਦਾ ਸਟਾਫ਼ ਐਨ ਐਚ ਐਸ ਵਲੋਂ ਨੌਕਰੀ ਤੇ ਰੱਖਿਆ ਜਾਂਦਾ ਹੈ।

ਤੁਸੀਂ ਹਰ ਹਸਪਤਾਲ ਦੇ ਟ੍ਰੱਸਟ ਅਤੇ ਪ੍ਰਾਇਮਰੀ ਕੇਅਰ ਟ੍ਰੱਸਟ ਵਿੱਚ ਪਾਲਸ ਦਾ ਸਟਾਫ਼ ਦੇਖ ਸਕੋਗੇ।

### ICAS

ICAS ਇੱਕ ਇੰਡੀਪੈਨਡੈਂਟ ਐਡਵੋਕੇਸੀ ਸਰਵਿਸ ਹੈ, ਇਸ ਲਈ ਇਹ ਐਨ ਐਚ ਐਸ ਨੂੰ ਜਵਾਬਦੇਹ ਨਹੀਂ ਹੈ।

ICAS ਦੇ ਦਫ਼ਤਰ ਸਾਰੇ ਸ਼ਹਿਰਾਂ ਵਿੱਚ ਹੁੰਦੇ ਹਨ, ਆਸਾਨੀ ਨਾਲ ਪਹੁੰਚ ਵਾਲੀਆਂ ਥਾਵਾਂ ਤੇ

ICAS ਤੁਹਾਡੀ ਫ਼ਿਕਰ ਅਤੇ ਸ਼ਕਾਇਤ ਬਾਰੇ ਸ਼ਕਾਇਤ ਦੀ ਸਾਰੀ ਕਾਰਵਾਈ ਵਿੱਚ ਤੁਹਾਡੀ ਆਵਾਜ਼ ਉਠਾਉਣ ਵਿੱਚ ਹਿਮਾਇਤ ਕਰੇਗੀ।

ਪਾਲਸ ਅਤੇ ICAS ਬਹੁਤ ਨਜ਼ਦੀਕ ਹੋਕੇ ਇਕੱਠੇ ਮਿਲ ਕੇ ਕੰਮ ਕਰਦੇ ਹਨ ਤਾਂਕਿ ਮਰੀਜ਼ਾਂ ਦੀ ਸ਼ਕਾਇਤ ਜ਼ਲਦੀ ਨਾਲ ਅਤੇ ਉਨ੍ਹਾਂ ਦੀ ਸ਼ੰਤੁਸ਼ਟੀ ਕਰਨ ਲਈ ਨਿਪਟਾਈ ਜਾਵੇ। ਇਹ ਹਮੇਸ਼ਾ ਤੁਹਾਡੀ ਮਰਜ਼ੀ ਹੈ ਕਿ ਤੁਸੀਂ ਕਿਹੜੀ ਸਰਵਿਸ ਵਰਤਣਾ ਜ਼ਿਆਦਾ ਬਿਹਤਰ ਸਮਝਦੇ ਹੋ।

ਪਾਲਸ ਅਤੇ ICAS ਦੋਨੋਂ ਹੀ ਤੁਹਾਡਾ ਨਾਂ ਇੱਕ ਦੂਸਰੇ ਤੱਕ ਭੇਜਣਗੇ ਜੇ ਇਹ ਸਮਝਣ ਕਿ ਇਹ ਜ਼ਿਆਦਾ ਠੀਕ ਹੈ ਕਿ ਤੁਸੀਂ ਦੂਸਰੀ ਸਰਵਿਸ ਵਰਤੋ ਅਤੇ ਜੇ ਮਰੀਜ਼ ਇਸ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੋਵੇ।

LLOYD'S REGISTER QUALITY ASSURANCE · ISO9001

UKAS QUALITY MANAGEMENT 001

PUNJABI July 10 9500